# ਸ਼ੇਖ ਫ਼ਰੀਦ - ਸਬਦ ੨੮
## ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੭੯

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥੨੪॥

**ਸਾਰ:** ਇਕ ਅਰਥਭਰਪੂਰ ਸਬੰਧ, ਭਾਵੇਂ ਉਹ ਆਪਣੇ ਆਪ ਨਾਲ, ਕਿਸੇ ਹੋਰ ਵਿਅਕਤੀ ਨਾਲ, ਜਾਂ ਕੁਦਰਤ ਨਾਲ ਹੋਵੇ, ਇਸ ਲਈ ਬਹਾਦਰੀ, ਇਮਾਨਦਾਰੀ, ਸੰਪੂਰਨ ਹਾਜ਼ਰਤਾ, ਬੇਪਰਵਾਹੀ ਅਤੇ ਖੁੱਲ੍ਹ ਦਿਲੀ ਦੀ ਲੋੜ ਹੁੰਦੀ ਹੈ। ਇਮਾਨਦਾਰੀ ਦਾ ਇਹ ਪੱਧਰ ਅਕਸਰ ਆਰਾਮ ਵਿਚ ਵਿਘਨ ਪਾਉਂਦਾ ਹੈ, ਨਿਯੰਤਰਣ ਨੂੰ ਚੁਣੌਤੀ ਦਿੰਦਾ ਹੈ, ਅਤੇ ਹਉਮੈ ਨੂੰ ਅਸਥਿਰ ਕਰਦਾ ਹੈ। ਜਦੋਂ ਕਿ ਇਸ ਨੇਕਨਿਤੀ ਨੂੰ ਅਪਣਾਉਣ ਨਾਲ ਸਾਨੂੰ ਸੁਰੱਖਿਆ ਦਾ ਭਰਮ ਭੁਗਤਣਾ ਪੈ ਸਕਦਾ ਹੈ, ਇਹ ਬਹੁਤ ਮੁਲਵਾਨ ਵਸਤਾਂ ਦੀ ਪੇਸ਼ਗੀ ਵੀ ਕਰਦਾ ਹੈ, ਜਿਵੇਂ ਇਕ ਪ੍ਰਮਾਣਿਕ ਸਵੈ ਅਤੇ ਸਾਡੀ ਹੋਂਦ ਨਾਲ ਇਸਦਾ ਗੂੜ੍ਹ ਸਬੰਧ। ਅਜਿਹੀ ਸੰਵੇਦਨਸ਼ੀਲਤਾ ਵਿਚ, ਅਸੀਂ ਆਪਣੇ ਆਪ ਨੂੰ ਨਹੀਂ ਗੁਆਉਂਦੇ; ਅਸੀਂ ਆਪਣੇ ਆਪ ਨੂੰ ਸੰਪੂਰਨਤਾ ਵਿਚ ਮਿਲਦੇ ਹਾਂ।

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਫਰੀਦ ਕਹਿੰਦੇ ਹਨ ਕਿ ਰਸਤਾ ਚਿੱਕੜ ਨਾਲ ਭਰਿਆ ਹੈ ਅਤੇ ਘਰ ਦੂਰ ਹੈ, ਪਰ ਮੇਰਾ ਪਿਆਰ ਪ੍ਰੀਤਮ ਨਾਲ ਹੈ। ਇਹ ਪ੍ਰਤੀਕ ਜੀਵਨ ਵਿਚਲੀ ਭਟਕਣਾ, ਸਚ ਤੋਂ ਦੂਰੀ ਪਰ ਅੰਤਰੀਵੀ ਚੇਤਨਾ ਲਈ ਬੇਡੋਲ ਪਿਆਰ ਬਣੇ ਰਹਿਣ ਦੀ ਤਰਜ਼ਮਾਨੀ ਕਰਦਾ ਹੈ।

ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥੨੪॥
ਜੇ ਮੈਂ ਬਾਹਰ ਤੁਰਦਾਂ ਹਾਂ, ਤਾਂ ਮੇਰਾ ਕੰਬਲ ਭਿੱਜ ਜਾਂਦਾ ਹੈ; ਜੇ ਮੈਂ ਠਹਿਰਦਾ ਹਾਂ, ਤਾਂ ਪਿਆਰ ਟੁੱਟ ਜਾਂਦਾ ਹੈ। ਇਹ ਦਰਸਾਉਂਦਾ ਹੈ ਕਿ ਜੇ ਕੋਈ ਸਚ ਦੀ ਚੋਣ ਕਰਦਾ ਹੈ ਤਾਂ ਉਸਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜੇ ਨਹੀਂ, ਤਾਂ ਉਸਦਾ ਅੰਦਰੂਨੀ ਸਵੈ ਨਾਲੋਂ ਸੰਪਰਕ ਟੁੱਟ ਜਾਂਦਾ ਹੈ। (੨੪)

**ਤੱਤ:** ਸੇਖ ਫਰੀਦ ਸਚਿਆਰ ਜੀਵਨ ਦੀ ਯਾਤਰਾ ਦੌਰਾਨ ਹੋਣ ਵਾਲੇ ਅੰਦਰੂਨੀ ਟਕਰਾਅ ਨੂੰ ਸੁਹਜ ਨਾਲ ਪੇਸ਼ ਕਰਦੇ ਹਨ। ਚਿੱਕੜ ਭਰਿਆ ਰਸਤਾ ਦੁਨਿਆਵੀ ਭਟਕਣਾਵਾਂ ਵਿਚਲੇ ਗੰਦਲੇਪਨ ਦਾ ਪ੍ਰਤੀਕ ਹੈ, ਅਤੇ ਕੰਬਲ ਹਉਮੈ ਨੂੰ ਦਰਸਾਉਂਦਾ ਹੈ, ਜੋ ਚੁਣੌਤੀਆਂ ਪੈਦਾ ਕਰਦੀ ਹੈ। ਉਹ ਉਨ੍ਹਾਂ ਪਲਾਂ ਬਾਰੇ ਗੱਲ ਕਰਦੇ ਹਨ ਜਦੋਂ ਸੱਚ ਦੇ ਮਾਰਗ 'ਤੇ ਚੱਲਦੇ ਰਹਿਣਾਂ, ਬੇਆਰਾਮਾ, ਲੰਮੇਰਾ, ਅਤੇ ਕੁਚੀਲਾ ਮਹਿਸੂਸ ਹੁੰਦਾ ਹੈ, ਫਿਰ ਵੀ ਪਿੱਛੇ ਹਟਣਾ ਜ਼ਮੀਰ ਨਾਲ ਵਿਸ਼ਵਾਸਘਾਤ ਕਰਨ ਵਾਂਗ ਭਾਸਦਾ ਹੁੰਦਾ ਹੈ। ਇਹ ਸਲੋਕ ਇਕ ਦੁਬਿਧਾ ਨੂੰ ਪੇਸ਼ ਕਰਦਾ ਹੈ: ਥੋੜ੍ਹ ਚਿਰੀ ਬੇਅਰਾਮੀ ਦਾ ਜੋਖਮ ਉਠਾਉਣਾ ਅਤੇ ਸਥਿਰ ਰਹਿਣਾ ਜਾਂ ਆਪਣੇ ਆਪ ਤੋਂ ਵੱਖ ਹੋਣ ਦਾ ਸੰਤਾਪ ਭੋਗਣਾ।

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ:** **OnenessInDiversity.com**

**ਈਮੇਲ: onenessindiversityfoundation@gmail.com**